**ਰਾਜ ਪੱਧਰ ਦੀ ਨੈਸਨਲ ਮੀਨਜ – ਕਮ – ਮੈਰਿਟ ਸਕਾਲਰਸਿਪ ਚੋਣ ਪ੍ਰੀਖਿਆ-2016, ਪੰਜਾਬ**
**(ਕੇਵਲ ਅੱਠਵੀਂ ਸ੍ਰੇਣੀ ਲਈ)**

**ਰਾਜ ਸਾਇੰਸ ਸਿੱਖਿਆ ਸੰਸਥਾ, (ਐਸ.ਸੀ.ਈ.ਆਰ.ਟੀ.) ਪੰਜਾਬ**
**ਸਿੱਖਿਆ ਭਵਨ (ਪੰਜਾਬ ਸਕੂਲ ਸਿੱਖਿਆ ਬੋਰਡ) ਛੇਵੀਂ ਮੰਜ਼ਿਲ, ਬਲਾਕ-ਈ ਫੇਜ਼-8, ਅਜੀਤਗੜ੍ਹ,**
**ਫੋਨ ਨੰ: 0172-2210077 ,2210144**

ਰਾਜ ਸਾਇੰਸ ਸਿੱਖਿਆ ਸੰਸਥਾ (SISE) ਪੰਜਾਬ, ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸਦ (ਐਸ.ਸੀ.ਈ.ਆਰ.ਟੀ.), ਪੰਜਾਬ ਵੱਲੋਂ ਰਾਜ ਪੱਧਰ ਦੀ ਨੈਸਨਲ ਮੀਨਜ – ਕਮ – ਮੈਰਿਟ ਸਕਾਲਰਸਿਪ ਚੋਣ ਪ੍ਰੀਖਿਆ (NMMS) ਸਾਲ 2016 ਲਈ 2210 ਵਿਦਿਆਰਥੀਆਂ ਨੂੰ ਚੁਣਨ ਲਈ ਮਿਤੀ 06-11-2016 (ਐਤਵਾਰ) ਨੂੰ ਲਈ ਜਾਣੀ ਹੈ। ਪੰਜਾਬ ਰਾਜ ਵਿੱਚ ਸਥਿਤ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਲੋਕਲ ਬਾਡੀਜ ਸਕੂਲਾਂ ਦੇ 8ਵੀਂ ਸ੍ਰੇਣੀ ਵਿੱਚ ਪੜ੍ਹਦੇ ਉਹ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਬੈਠ ਸਕਦੇ ਹਨ, ਜਿਨ੍ਹਾਂ ਨੇ 7ਵੀਂ ਸ੍ਰੇਣੀ ਦੇ ਸਾਲਾਨਾ ਪ੍ਰੀਖਿਆ ਵਿੱਚ 55% ਨੰਬਰ ( ਜਨਰਲ ਕੈਟਾਗਿਰੀ ਲਈ) ਅਤੇ 50% ਨੰਬਰ (ਰਾਖਵੀਆਂ ਸ੍ਰੇਣੀਆਂ ਲਈ) ਪ੍ਰਾਪਤ ਕੀਤੇ ਹਨ। ਵਜੀਫਾ ਐਮ.ਐਚ.ਆਰ.ਡੀ. ਨਵੀਂ ਦਿੱਲੀ ਵੱਲੋਂ 6000/-ਰੁਪਏ ਪ੍ਰਤੀ ਸਾਲ ਦੀ ਦਰ ਨਾਲ 9ਵੀਂ ਸ੍ਰੇਣੀ ਤੋਂ ਸੁਰੂ ਹੋ ਕੇ 12ਵੀਂ ਸ੍ਰੇਣੀ ਤੱਕ ਮਿਲੇਗਾ। ਕੇਵਲ ਉਹੀ ਵਿਦਿਆਰਥੀ ਜਿਨ੍ਹਾਂ ਦੇ ਮਾਪਿਆਂ ਦੀ ਸਾਲਾਨਾ ਆਮਦਨ ਸਾਰੇ ਵਸੀਲਿਆਂ ਤੋਂ ਕੇਵਲ 1,50,000/- ਰੁਪਏ ਜਾਂ ਇਸ ਤੋਂ ਘੱਟ (ਇਸ ਸਬੰਧੀ ਸਵੈ ਘੋਸ਼ਣਾ ਪੱਤਰ ਸਕੂਲ ਪ੍ਰਿੰਸੀਪਲ ਨੂੰ ਦਿੱਤਾ ਜਾਵੇ) ਹੋਵੇ, ਇਸ ਪ੍ਰੀਖਿਆ ਵਿੱਚ ਬੈਠ ਸਕਦੇ ਹਨ।

**<u>ਪ੍ਰੀਖਿਆ, ਸਿਲੇਬਸ ਅਤੇ ਮਾਧਿਅਮ:-</u>** ਲਗਾਤਾਰ ਤਿੰਨ ਘੰਟਿਆਂ ਦੀ ਪ੍ਰੀਖਿਆ ਦੇ ਦੋ ਭਾਗ ਹੋਣਗੇ

(1) ਮਾਨਸਿਕ ਯੋਗਤਾ ਦਾ ਟੈਸਟ- 50 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ )

(2) ਵਿਸਿਆਂ ਦੀ ਯੋਗਤਾ ਦਾ ਟੈਸਟ -130 ਪ੍ਰਸਨ ਇੱਕ ਨੰਬਰ ਵਾਲੇ ( ਮਲਟੀਪਲ ਚੁਆਇਸ ) ਹੋਣਗੇ।

ਵਿਸਿਆਂ ਦੀ ਯੋਗਤਾ ਦੇ ਟੈਸਟ ਵਿੱਚ 7ਵੀਂ ਅਤੇ 8ਵੀਂ ਸ੍ਰੇਣੀ ਦੇ ਪੱਧਰ ਦੇ ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਜੀਵ ਵਿਗਿਆਨ, ਗਣਿਤ, ਇਤਿਹਾਸ, ਭੂਗੋਲ, ਨਾਗਰਿਕ ਸਾਸਤਰ, ਅੰਗਰੇਜੀ,ਪੰਜਾਬੀ ਅਤੇ ਹਿੰਦੀ ਵਿਸੇ ਹੋਣਗੇ। ਪ੍ਰੀਖਿਆ ਦਾ ਮਾਧਿਅਮ ਅੰਗਰੇਜੀ/ਪੰਜਾਬੀ ਹੋਵੇਗਾ।

**<u>ਦਾਖਲਾ ਫਾਰਮ:-</u>** ਵਿਦਿਆਰਥੀਆਂ ਦੇ ਦਾਖਲਾ ਫਾਰਮ ਸਕੂਲਾਂ ਵੱਲੋਂ ਸਿੱਖਿਆ ਵਿਭਾਗ ਦੇ ਪੋਰਟਲ **www.epunjabschool.gov.in** ਉਤੇ ਸਕੂਲ login ਅਧੀਨ 05-08-16 ਤੋਂ 31-08-16 ਭਰੇ ਜਾਣਗੇ। ਮਿਤੀ 15-09-16 ਤੋਂ ਸਕੂਲ, ਵਿਦਿਆਰਥੀਆਂ ਦੇ admit card download ਕਰ ਸਕਦਾ ਹੈ।

**<u>ਰਾਖਵਾਂਕਰਨ:-</u>** ਕੁੱਲ ਸੀਟਾਂ ਦਾ 25% ਅਨੁਸੂਚਿਤ ਜਾਤੀ, 5% ਪਛੜੀਆਂ ਸ੍ਰੇਣੀਆਂ ਅਤੇ 3% ਸਰੀਰਕ ਰੂਪ ਤੋਂ ਵਿਕਲਾਂਗ ਵਿਦਿਆਰਥੀਆਂ (1% ਸੁਣਨ ਤੋਂ ਅਸਮਰਥ, 1% ਚੱਲਣ ਫਿਰਨ ਤੋਂ ਅਸਮਰਥ, 1% ਵੇਖਣ ਤੋਂ ਅਸਮਰਥ) ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਐਸ.ਸੀ./ਬੀ.ਸੀ. ਅਤੇ ਸਰੀਰਕ ਵਿਕਲਾਂਗ ਵਿਦਿਆਰਥੀ ਸਬੰਧਤ ਅਧਿਕਾਰੀਆਂ ਤੋਂ ਜਾਰੀ ਹੋਏ ਸਰਟੀਫਿਕੇਟ ਦੀ ਤਸਦੀਕਸੁਦਾ ਕਾਪੀ admit card ਨਾਲ ਨੱਥੀ ਕਰਨ। ਵਿਕਲਾਂਗ ਵਿਦਿਆਰਥੀਆਂ ਦੇ ਸਰਟਫਿਕੇਟ ਤੇ ਸਬੰਧਤ ਸਰਟੀਫਿਕੇਟ ਜਾਰੀ ਕਰਤਾ ਵੱਲੋਂ ਇਹ ਤਸਦੀਕ ਕੀਤਾ ਹੋਵੇ ਕਿ ਵਿਦਿਆਰਥੀ ਦੀ ਵਿਕਲਾਂਗਤਾ 40% ਜਾਂ ਇਸ ਤੋਂ ਵੱਧ ( PWD Disability Act ਤਹਿਤ ) ਹੈ। **<u>ਇਸ ਪ੍ਰੀਖਿਆ ਦੀ ਕੋਈ ਦਾਖਲਾ ਫੀਸ ਨਹੀਂ ਹੈ।</u>**

ਸਹੀ/-
ਡਿਪਟੀ ਡਾਇਰੈਕਟਰ
ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ,
ਅਜੀਤਗੜ੍ਹ।